**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 660734


**No. PSBTE&IT/2018/ITI/** 1959 ਅਤਿ ਜ਼ਰੂਰੀ/ਸਮਾਬੱਧ **Date:** 21.08.18

ਸੇਵਾ ਵਿਖੇ,

ਪ੍ਰਿੰਸੀਪਲ/ ਮੁੱਖ ਅਧਿਆਪਕ,
ਸਮੂਹ ਸਰਕਾਰੀ/ ਪ੍ਰਾਈਵੇਟ ਆਈ.ਟੀ.ਆਈ./ (ਇਸਤਰੀਆਂ ਲਈ),
ਪੰਜਾਬ ਰਾਜ ਅਧੀਨ।

ਵਿਸ਼ਾ: ਕਰਾਫਟਸਮੈਂਟ ਟ੍ਰੇਨਿੰਗ ਸਕੀਮ ਅਧੀਨ (ਐਨ.ਸੀ.ਵੀ.ਟੀ.-ਐਸ.ਸੀ.ਵੀ.ਟੀ. ਸਮੈਸਟਰ ਸਿਸਟਮ) ਐਮ.ਆਈ.ਐਸ. ਪੋਰਟਲ (**MIS Portal**) ਸਿਖਿਆਰਥੀਆਂ ਦੇ ਪ੍ਰੀਖਿਆ ਜੁਲਾਈ-2018, ਸੰਤਬਰ 2018 ਨਾਲ ਸਬੰਧਤ ਪੈਕਟੀਕਲ ਮਾਰਕਸ ਫਾਰਮੈਟ ਵਿੱਚ ਈ.ਮੇਲ ਰਾਹੀਂ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਦਸਿਆ ਜਾਂਦਾ ਹੈ ਕਿ ਕਰਾਫਸਮੈਨ ਟ੍ਰੇਨਿੰਗ ਸਕੀਮ ਅਧੀਨ ਐਨ.ਸੀ.ਵੀ.ਟੀ.- ਸਮੈਸਟਰ ਸਿਸਟਮ) ਐਮ.ਆਈ.ਐਸ. ਪੋਰਟਲ (MIS Portal) ਸਿਖਿਆਰਥੀਆਂ ਦੇ ਪ੍ਰੀਖਿਆ ਜੁਲਾਈ-2018 ਨਾਲ ਸਬੰਧਤ ਪੈਕਟੀਕਲ ਮਾਰਕਸ ਸਬੰਧੀ Excel ਫਾਰਮੈਟ ਵਿੱਚ ਫਾਇਲਾਂ ਬਣਾ ਕੇ ਬੋਰਡ ਦੀ ਵੈਬਸਾਈਟ ਤੇ ਕੰਪਿਊਟਰ ਸ਼ਾਖਾ ਵਲੋਂ ਅਪਲੋਡ ਕਰ ਦਿੱਤੀਆਂ ਗਈਆਂ ਹਨ। ਇਸ ਦੇ ਸੰਬਧ ਵਿਚ ਸਮੂਹ ਸੰਸਥਾਵਾਂ ਨੂੰ ਹੇਠ ਲਿਖੇ ਅਨੁਸਾਰ ਇੰਨਬਿੰਨ ਪਾਲਣਾ ਹਿਤ ਹਦਾਇਤ ਕੀਤੀ ਜਾਂਦੀ ਹੈ: -

- ਸੰਸਥਾ ਵਲੋਂ ਨਾਲ ਸਬੰਧਤ Excel ਫਾਇਲਾਂ ਬੋਰਡ ਦੀ ਵੈਬਸਾਈਟ www.punjabteched.com/ www.punjabteched.net ਤੋਂ ਡਾਊਨਲੋਡ ਕਰਕੇ ਇਸ ਫਾਇਲ ਪ੍ਰੀਖਿਆ ਵਿਚ ਵਿੱਚ ਅਪੀਅਰ ਹੋਣ ਵਾਲੇ ਯੋਗ ਸਿਖਿਆਰਥੀ ਦੇ (ਜੋ ਪ੍ਰੀਖਿਆ ਵਿੱਚ ਬੈਠਣ ਲਈ ਡੀ.ਜੀ.ਟੀ.ਨਵੀਂ ਦਿੱਲੀ ਵੱਲੋਂ ਸਮੇਂ-ਸਮੇਂ ਤੇ ਜਾਰੀ ਪ੍ਰੀਖਿਆ ਨਿਯਮਾਂ/ ਹਦਾਇਤਾਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਡੀ.ਜੀ.ਟੀ. ਨਵੀਂ ਦਿੱਲੀ ਵਲੋਂ ਜਾਰੀ exam roll list ਵਿੱਚ ਸਿਖਿਆਰਥੀ ਦਾ ਨਾਂ ਹੋਵੇ) ਦੇ ਪ੍ਰੈਕਟੀਕਲ ਮਾਰਕਸ ਦੀ ਐਂਟਰੀ ਕਰੇਗੀ।
- ਸੰਸਥਾਵਾਂ ਕਰਾਫਸਮੈਨ ਟ੍ਰੇਨਿੰਗ ਸਕੀਮ ਅਧੀਨ ਸਿਰਫ ਐਨ.ਸੀ.ਵੀ.ਟੀ. (ਸਮੈਸਟਰ ਸਿਸਟਮ ਐਮ.ਆਈ. ਐਸ.ਪੋਰਟਲ (MIS Portal)) ਦੇ ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ Excel ਫਾਇਲਾਂ ਵਿੱਚ ਐਂਟਰ ਕਰਕੇ ਮਿਤੀ:28-08-2018 ਤੱਕ ਹਰ ਹਾਲਤ ਵਿੱਚ ਬੋਰਡ ਦਫਤਰ ਦੀ ਈ.ਮੇਲ ਆਈ.ਡੀ. practicalmarks.iti@gmail.com ਤੇ Excel ਫਾਇਲਾਂ (soft copy) ਭੇਜਣਾ ਯਕੀਨੀ ਬਣਾਏਗੀ ਅਤੇ ਐਸ.ਸੀ.ਵੀ.ਟੀ. ਪ੍ਰੀਖਿਆ ਅਗਸਤ ਸੰਤਬਰ 2018 ਨਾਲ ਸਬੰਧਤ ਯੋਗ ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ Excel ਫਾਇਲਾਂ ਵਿੱਚ ਐਂਟਰ ਕਰਕੇ ਮਿਤੀ:11-09-2018 ਤਕ ਉਕਤ ਈ.ਮੇਲ ਤੇ ਭੇਜਣਾ ਯਕੀਨੀ ਬਣਾਉਣਗੀਆਂ। (ਐਸ.ਸੀ.ਵੀ.ਟੀ. ਦੀਆਂ ਐਕਸਲ ਫਾਈਲਾਂ ਅਗਸਤ 2018 ਦੇ ਆਖਿਰੀ ਹਫਤੇ ਦੋਰਾਨ ਕੰਪਿਊਟਰ ਸ਼ਾਖਾ ਵਲੋਂ ਅਪਲੋਡ ਕੀਤੀਆਂ ਜਾਣਗੀਆਂ)

- Excel ਫਾਇਲ ਉਤੇ ਪ੍ਰੈਕਟੀਕਲ ਮਾਰਕਸ ਦੀ ਨਿਰਧਾਰਤ ਕਾਲਮ ਵਿੱਚ ਐਂਟਰੀ ਕਰਨ ਉਪਰੰਤ ਪ੍ਰਿੰਸੀਪਲ/ ਸੁਪਰਡੰਟ ਵਲੋਂ ਖਾਸ ਧਿਆਨ ਰੱਖਿਆ ਜਾਵੇਗਾ ਕਿ ਸੰਬਧਤ ਕਾਲਮਾਂ ਵਿੱਚ ਪ੍ਰੈਕਟੀਕਲ ਮਾਰਕਸ ਐਂਟਰ ਕਰਨ ਤੋਂ ਬਾਅਦ ਪ੍ਰੋਫਾਰਮੇ ਦੇ ਅਗਲੇ ਸਟੇਟਸ **(status)** ਕਾਲਮ ਵਿੱਚ **Absent** ਦੀ ਜਗ੍ਹਾ ਤੇ **A** ਅਤੇ **Present** ਦੀ ਜਗ੍ਹਾ ਤੇ **P** ਲਿਖਿਆ ਜਾਵੇ। ਇਹ ਵੀ ਧਿਆਨ ਰੱਖਣਾ ਯਕੀਨੀ ਬਣਾਇਆ ਜਾਵੇ ਕਿ ਪੈਕਟੀਕਲ ਮਾਰਕਸ ਭਰਨ ਸਮੇਂ ਕੋਈ ਵੀ ਅਪੀਅਰ ਹੋਣ ਵਾਲੇ ਯੋਗ ਸਿਖਿਆਰਥੀ ਦਾ ਕਾਲਮ ਖਾਲੀ ਨਾਂ ਰਹੇ। ਜੇਕਰ ਕਿਸੇ ਵੀ ਸਿਖਿਆਰਥੀ ਦਾ ਪੈਕਟੀਕਲ ਮਾਰਕਸ ਦਾ ਕਾਲਮ ਖਾਲੀ ਰਹਿ ਜਾਂਦਾ ਹੈ ਤਾਂ ਉਸ ਨੂੰ Absent ਮੰਨਿਆ ਜਾਏਗਾ।
- ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਸਿਰਫ ਐਨ.ਸੀ.ਵੀ.ਟੀ. (ਸਮੈਸਟਰ ਸਿਸਟਮ/ ਐਮ.ਆਈ.ਐਸ. ਪੋਰਟਲ (MIS Portal)) ਦੇ ਸਿਖਿਆਰਥੀਆਂ ਦੇ ਪ੍ਰੈਕਟੀਕਲ ਅਵਾਰਡ ਲਿਸਟਾਂ ਦੀ ਅਸਲ ਹਾਰਡ ਕਾਪੀ ਡਾਕ ਰਾਹੀਂ/ ਦਸਤੀ ਤੌਰ ਤੇ ਭੇਜੀ ਜਾਵੇ/ ਜਮ੍ਹਾ ਕਰਵਾਈ ਜਾਵੇ।
- ਸੰਸਥਾਵਾਂ ਪ੍ਰੈਕਟੀਕਲ ਮਾਰਕਸ ਦੀ ਫੋਟੋ ਕਾਪੀ ਆਪਣੇ ਰਿਕਾਰਡ ਵਿੱਚ ਰੱਖਣਾ ਯਕੀਨੀ ਬਣਾਏਗੀ।
- ਪ੍ਰੀਖਿਆ ਐਗਜ਼ਾਮੀਨਰ/ ਸੰਸਥਾ ਦਾ ਪ੍ਰਿੰਸੀਪਲ ਪ੍ਰੀਖਿਆ ਮਾਰਕਸ ਐਂਟਰੀ ਦੇ ਕੰਮ ਦੀ ਗੁਪਤਤਾ ਨੂੰ ਯਕੀਨੀ ਬਨਾਉਣਗੇ। ਮਾਰਕਸ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤ ਐਂਟਰੀ/ ਸਮੇਂ ਸਿਰ ਡਾਟਾ ਨਾ ਭੇਜਣ ਦੀ ਸੂਰਤ ਵਿਚ ਆਉਣ ਵਾਲੀਆਂ ਅੜਚਨਾਂ ਦੀ ਸਮੁੱਚੀ ਜਿੰਮੇਵਾਰੀ ਸੰਸਥਾ ਦੇ ਪ੍ਰਿੰਸੀਪਲ/ ਪ੍ਰੀਖਿਆ ਐਗਜ਼ਾਮੀਨਰ ਦੀ ਹੋਵੇਗੀ।
- ਡਾਟਾ ਐਂਟਰੀ ਕਰਨ ਸਮੇਂ ਜੇਕਰ ਸੰਸਥਾ ਨੂੰ ਕੋਈ ਤਕਨੀਕੀ ਸਮੱਸਿਆ ਆਉਂਦੀ ਹੈ ਤਾਂ ਸੰਸਥਾ ਆਪਣੇ ਜਿਲ੍ਹੇ ਦੇ ਸਬੰਧਤ ਡੀਲਿੰਗ ਅਸਿਸਟੈਂਟ ਨਾਲ ਤਰੁੰਤ ਨਿਪਟਾਰੇ ਹਿਤ ਸੰਪਰਕ ਕਰੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

21.8.18
ਕੰਟਰੋਲਰ ਪ੍ਰੀਖਿਆਵਾਂ ਆਈ.ਟੀ.ਆਈ.
ਵਾ: ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ / ਰਿਕਾਰਡ ਲਈ ਭੇਜਿਆ ਜਾਂਦਾ ਹੈ: -

1. ਪੀ.ਏ.ਟੂ ਸਕੱਤਰ
2. ਸਿਸਟਮ ਐਡਮਨ

ਕੰਟਰੋਲਰ ਪ੍ਰੀਖਿਆਵਾਂ ਆਈ.ਟੀ.ਆਈ.
ਵਾ: ਸਕੱਤਰ